Tender Heart High School Sec-33 B Chd

Class - 7 Ramandeep Kaur

Topic - ਲੇਖ ਰਚਨਾ Pbi Lang. (P-1)

ਵਿਦਿਆਰਥੀਓ ਇਸ ਹਫਤੇ ਅਸੀਂ ਸੱਤਵੀਂ ਜਮਾਤ ਦੇ ਵਿਆਕਰਣ ਭਾਗ ਵਿੱਚੋਂ ਲੇਖ 'ਇੱਕ ਰੁੱਖ ਸੌ ਸੁੱਖ' ਬਾਰੇ ਵਿਚਾਰ ਕਰਾਂਗੇ ।(ਯਾਦ ਕਰਕੇ ਲਿਖੋ)

## ਲੇਖ - 'ਇੱਕ ਰੁੱਖ ਸੌ ਸੁੱਖ'

**ਭੂਮਿਕਾ**—ਰੁੱਖ ਸਾਡੀ ਜ਼ਿੰਦਗੀ ਵਿੱਚ ਬਹੁਤ ਮਹੱਤਵਪੂਰਨ ਥਾਂ ਰੱਖਦੇ ਹਨ। ਇਹ ਕੁਦਰਤ ਦਾ ਇੱਕ ਕੀਮਤੀ ਤੋਹਫ਼ਾ ਹੈ। ਇਨ੍ਹਾਂ ਨਾਲ ਵਾਤਾਵਰਨ ਸੁਥਰਾ ਹੁੰਦਾ ਹੈ। ਠੰਢੀ ਮਿੱਠੀ ਹਵਾ ਵਾਤਾਵਰਨ ਨੂੰ ਖ਼ੁਸ਼ਬੂਦਾਰ ਬਣਾਉਂਦੀ ਹੈ ਅਤੇ ਚਾਰੇ ਪਾਸੇ ਫੈਲੀ ਹਰਿਆਲੀ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਂਦੀ ਹੈ। ਰੁੱਖ ਗਰਮੀ, ਸਰਦੀ, ਮੀਂਹ, ਧੁੱਪ, ਹਨੇਰੀਆਂ ਸਭ ਝੱਲ ਕੇ ਸਾਨੂੰ ਫਲ਼ ਅਤੇ ਫੁੱਲ ਪ੍ਰਦਾਨ ਕਰਦੇ ਹਨ। ਰੁੱਖ ਬਹੁਤ ਨਿਰਮਲ ਅਤੇ ਪਵਿੱਤਰ ਹੁੰਦੇ ਹਨ। ਰੁੱਖਾਂ ਵਿੱਚ ਸਹਿਣਸ਼ੀਲਤਾ ਹੁੰਦੀ ਹੈ। ਸਾਨੂੰ ਇਨਸਾਨਾਂ ਨੂੰ ਰੁੱਖਾਂ ਤੋਂ ਸਹਿਣਸ਼ੀਲਤਾ ਦਾ ਗੁਣ ਧਾਰਨ ਕਰਨਾ ਚਾਹੀਦਾ ਹੈ।

**ਰੁੱਖਾਂ ਨੂੰ ਪੂਜਣਾ**—ਲੋਕ ਰੁੱਖਾਂ ਦੀ ਪੂਜਾ ਕਰਦੇ ਹਨ। ਰੁੱਖਾਂ ਦੇ ਪਵਿੱਤਰ ਹੋਣ ਕਰਕੇ ਇਨ੍ਹਾਂ ਨੂੰ ਪੂਜਿਆ ਜਾਂਦਾ ਹੈ। ਇਹ ਗੁਣਾਂ ਨਾਲ ਭਰਪੂਰ ਹਨ ਜਿਨ੍ਹਾਂ ਕਰਕੇ ਲੋਕਾਂ ਵੱਲੋਂ ਇਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਨਿੰਮ, ਤੁਲਸੀ, ਪਿੱਪਲ ਅਤੇ ਚੰਦਨ ਦੇ ਰੁੱਖ ਅਤੇ ਪੌਦਿਆਂ ਦੀ ਲੋਕਾਂ ਦੁਆਰਾ ਪੂਜਾ ਕੀਤੀ ਜਾਂਦੀ ਹੈ।

**ਲਾਭ**— ਰੁੱਖਾਂ ਦੇ ਸਾਨੂੰ ਅਨੇਕਾਂ ਲਾਭ ਹਨ। ਰੁੱਖ ਸਾਨੂੰ ਗਰਮੀ, ਧੁੱਪ, ਮੀਂਹ ਆਦਿ ਤੋਂ ਬਚਾਉਂਦੇ ਹਨ। ਜਦੋਂ ਅੰਤਾਂ ਦੀ ਗਰਮੀ ਪੈਂਦੀ ਹੈ ਤਾਂ ਇਨ੍ਹਾਂ ਰੁੱਖਾਂ ਦੀ ਛਾਂ ਹੀ ਸਾਨੂੰ ਠੰਢ ਪ੍ਰਦਾਨ ਕਰਦੀ ਹੈ। ਸਾਡੇ ਜੀਵਨ ਦਾ ਬਹੁਤ ਵੱਡਾ ਆਸਰਾ ਰੁੱਖ ਹਨ। ਇਹ ਸਾਨੂੰ ਅਨੇਕਾਂ ਲਾਭ ਦਿੰਦੇ ਹਨ। ਕੂਲਰਾਂ ਅਤੇ ਪੱਖਿਆਂ ਦੀ ਹਵਾ ਤੋਂ ਕਿਤੇ ਚੰਗੀ ਅਤੇ ਸ਼ੁੱਧ ਹਵਾ ਸਾਨੂੰ ਇਹ ਪ੍ਰਦਾਨ ਕਰਦੇ ਹਨ। ਰੁੱਖ ਸਾਨੂੰ ਆਕਸੀਜਨ ਪ੍ਰਦਾਨ ਕਰਦੇ ਹਨ। ਰੁੱਖਾਂ ਤੋਂ ਸਾਨੂੰ ਫਰਨੀਚਰ ਅਤੇ ਲੱਕੜੀ ਦਾ ਸਮਾਨ ਬਣਾਉਣ ਲਈ ਲੱਕੜੀ ਮਿਲਦੀ ਹੈ। ਰੁੱਖਾਂ ਦੀ ਲੱਕੜੀ ਸਾਡੇ ਘਰਾਂ ਵਿੱਚ ਬਾਲਣ ਦੇ ਕੰਮ ਆਉਂਦੀ ਹੈ। ਰੁੱਖਾਂ ਤੋਂ ਸਾਨੂੰ ਫਲ਼ ਅਤੇ ਸਬਜ਼ੀਆਂ ਖਾਣ ਲਈ ਮਿਲਦੀਆਂ ਹਨ। ਰੁੱਖ ਸਾਨੂੰ ਭੌਂ-ਖੋਰ ਤੋਂ ਬਚਾਉਂਦੇ ਹਨ। ਰੁੱਖਾਂ ਨਾਲ ਵਾਤਾਵਰਨ ਸਾਫ਼ ਅਤੇ ਸ਼ੁੱਧ ਹੁੰਦਾ ਹੈ। ਰੁੱਖ ਕਿਤੇ ਨਾ ਕਿਤੇ ਮੀਂਹ ਲਈ ਵੀ ਸਹਾਈ ਹੁੰਦੇ ਹਨ। ਰੁੱਖ ਸਾਨੂੰ ਪ੍ਰਦੂਸ਼ਣ ਤੋਂ ਬਚਾਉਂਦੇ ਹਨ। ਪੰਛੀ ਰੁੱਖਾਂ 'ਤੇ ਆਲ੍ਹਣੇ ਬਣਾਉਂਦੇ ਹਨ।

**ਸਵਾਰਥੀ ਮਨੁੱਖ**— ਅੱਜ ਦੇ ਸਵਾਰਥੀ ਮਨੁੱਖ ਨੇ ਆਪਣੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਰੁੱਖਾਂ ਦੀ ਕਟਾਈ ਨੂੰ ਇਸ ਕਦਰ ਵਧਾ ਦਿੱਤਾ ਹੈ ਕਿ ਰੁੱਖਾਂ ਦੀ ਗਿਣਤੀ ਖ਼ਤਮ ਹੋ ਰਹੀ ਹੈ। ਸੜਕਾਂ ਦੇ ਕਿਨਾਰਿਆਂ ਤੇ ਜਿੱਥੇ ਦਰਖ਼ਤਾਂ ਦੀਆਂ ਕਤਾਰਾਂ ਬਣੀਆਂ ਹੁੰਦੀਆਂ ਸਨ ਉੱਥੇ ਹੁਣ ਟਾਵਾਂ ਟਾਵਾਂ ਕੋਈ ਰੁੱਖ ਨਜ਼ਰ ਆਉਂਦਾ ਹੈ। ਮਨੁੱਖ ਧੜਾਧੜ ਜੰਗਲਾਂ ਅਤੇ ਰੁੱਖਾਂ ਦੀ ਕਟਾਈ ਕਰ ਕਰ ਕੇ ਇਮਾਰਤਾਂ ਖੜ੍ਹੀਆਂ ਕਰ ਰਿਹਾ ਹੈ। ਜਿੰਨੇ ਰੁੱਖ ਕੱਟੇ ਜਾਂਦੇ ਹਨ ਜੇ ਓਨੇ ਲਗਾਏ ਵੀ ਜਾਣ ਤਾਂ ਕੋਈ ਫ਼ਰਕ ਨਾ ਪਵੇ ਪਰ ਅੱਜ ਤਾਂ ਕਟਾਈ ਵੱਲ ਹੀ ਜ਼ਿਆਦਾ ਧਿਆਨ ਹੈ।

**ਬਚਾਓ**— ਸਾਨੂੰ ਰੁੱਖਾਂ ਨੂੰ ਬਚਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਚਾਰੇ ਪਾਸੇ ਸਾਡੇ ਆਲ਼ੇ-ਦੁਆਲ਼ੇ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ। ਪਾਣੀ ਦਾ ਪੱਧਰ ਦਿਨ, ਬ-ਦਿਨ ਨੀਚੇ ਜਾ ਰਿਹਾ ਹੈ। ਦੁਹਾਈਆਂ ਦਿੱਤੀਆਂ ਜਾ ਰਹੀਆਂ ਹਨ ਕਿ ਰੁੱਖਾਂ ਨੂੰ ਬਚਾਇਆ ਜਾਵੇ ਪਰ ਇਹੋ ਜਿਹਾ ਕੁਝ ਕੀਤਾ ਨਹੀਂ ਜਾ ਰਿਹਾ। ਵਾਤਾਵਰਨ ਦਿਵਸ ਮਨਾਏ ਜਾਣੇ ਚਾਹੀਦੇ ਹਨ। ਰੁੱਖ ਬਚਾਉਣ, ਰੁੱਖ ਸੰਭਾਲਣ ਅਤੇ ਰੁੱਖ ਲਗਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਅਸੀਂ ਰੁੱਖਾਂ ਨੂੰ ਵੱਢ ਕੇ ਆਪਣੇ ਪੈਰਾਂ 'ਤੇ ਕੁਹਾੜੀ ਮਾਰ ਰਹੇ ਹਾਂ। ਸਾਨੂੰ ਰੁੱਖਾਂ ਦੀ ਪੂਜਾ ਹੀ ਨਹੀਂ ਕਰਨੀ ਚਾਹੀਦੀ ਬਲਕਿ ਉਨ੍ਹਾਂ ਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ। ਸਾਨੂੰ ਰੁੱਖਾਂ ਦੇ ਗੁਣਾਂ ਨੂੰ ਪਛਾਣਨਾ ਚਾਹੀਦਾ ਹੈ। ਸਾਨੂੰ ਚੀਨ ਦੇਸ਼ ਵਾਂਗ ਆਪਣੇ ਦੇਸ਼ ਵਿੱਚ ਬੂਟੇ ਲਾਉਣੇ ਚਾਹੀਦੇ ਹਨ।

**ਸਿੱਟਾ**—ਸਾਨੂੰ ਚਾਹੀਦਾ ਹੈ ਕਿ ਅਸੀਂ ਵੱਧ ਤੋਂ ਵੱਧ ਰੁੱਖ ਲਾਈਏ। ਰੁੱਖ ਨੂੰ ਲਾ ਕੇ ਉਨ੍ਹਾਂ ਦੀ ਦੇਖਭਾਲ ਵੀ ਕਰੀਏ। ਕਿਉਂਕਿ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ 'ਇੱਕ ਰੁੱਖ ਸੌ ਸੁੱਖ''।

Be Positive...

(Last page)